# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 66-71 ਮਿਤੀ : 13.06.2022

O/C

**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083

ਸੇਵਾ ਵਿਖੇ

ਉਪ ਕੁਲਪਤੀ ਸਾਹਿਬ

ਪੰਜਾਬੀ ਯੂਨੀਵਰਸਿਟੀ

ਪਟਿਆਲਾ। vc@pbi.ac.in

ਵਿਸ਼ਾ:- ਪੰਜਾਬੀ ਯੂਨੀਵਰਸਿਟੀ ਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਆਪਣੇ ਮੁਢਲੇ ਫਰਜਾਂ ਦੀ ਪਹਿਚਾਣ ਕਰਾਉਣ ਲਈ ਸੁਝਾਅ।

ਸਤਿਕਾਰਯੋਗ ਪ੍ਰੋ: ਅਰਵਿੰਦ ਜੀਓ,

ਪੰਜਾਬੀ ਵਿਕਾਸ ਮੰਚ(ਕਾਨੂੰਨੀ) ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸਲਝਾਉਣ ਲਈ ਸਥਾਪਤ ਕੀਤੀ ਗਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਸ਼ਾਖਾ ਹੈ।

ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਤੇਜ਼ ਕਰਨ ਲਈ ਪੰਜਾਬ ਸਰਕਾਰ ਨੂੰ ਭੇਜੇ ਵਡਮੁੱਲੇ ਸੁਝਾਵਾਂ ਲਈ ਮੰਚ ਵਲੋਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ।

ਆਪ ਜੀ ਦੇ ਧਿਆਨ ਵਿਚ ਹੀ ਹੈ ਕਿ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਮੁਖ ਉਦੇਸ਼ ਪੰਜਾਬੀ ਨੂੰ ਪਰਿਵਰਤਨ ਦੀ ਭਾਸ਼ਾ ਬਣਾਉਣਾ ਮਿਥਿਆ ਗਿਆ ਸੀ। ਪੰਜਾਬੀ ਯੂਨੀਵਰਸਿਟੀ ਇਸ ਮੁਢਲੇ ਉਦੇਸ਼ ਦੀ ਪ੍ਰਾਪਤੀ ਵਿਚ ਅਸਫਲ ਰਹੀ, ਜਿਸ ਕਾਰਣ ਅੱਜ ਪੰਜਾਬੀ ਦੀ ਸਥਿਤੀ ਇੰਨੀ ਤਰਸਯੋਗ ਹੋ ਗਈ ਹੈ ਕਿ ਖੁਦ ਪੰਜਾਬੀ ਯੂਨੀਵਰਸਿਟੀ ਨੂੰ ਹੀ ਪੰਜਾਬ ਸਰਕਾਰ ਨੂੰ ਪੰਜਾਬੀ ਦੀ ਸਥਿਤੀ ਸੁਧਾਰਨ ਲਈ ਸੁਝਾਅ ਦੇਣੇ ਪਏ ਹਨ।

**ਪੰਜਾਬੀ ਯੂਨੀਵਰਸਿਟੀ ਦੀਆਂ ਆਪਣੇ ਫਰਜ਼ਾਂ ਪ੍ਰਤੀ ਅਵੇਸਲੇਪਣ ਦੀਆਂ ਦੋ**

ਉਦਾਹਰਣਾਂ:-

*1. ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਦੇ ਮਾਹਿਰ ਸ੍ਰ. ਗੁਰਤੇਜ ਸਿੰਘ ਨਿਊਜੀਲੈਂਡ ਵੱਲੋਂ ਮਈ 2021 ਵਿਚ ਲਿਖੀ ਚਿੱਠੀ ਨੂੰ ਨਜ਼ਰ ਅੰਦਾਜ਼ ਕਰਨਾ।*

*ਸ੍ਰ. ਗੁਰਤੇਜ ਸਿੰਘ ਨੇ ਸੰਸਾਰ ਪ੍ਰਸਿਧ 'ਵਲਿੰਗਟਨ ਯੂਨੀਵਰਸਿਟੀ' ਤੋਂ ਸਾਫਟਵੇਅਰ ਇੰਜੀਨੀਅਰਿੰਗ ਵਿਚ*

ਮਾਸਟਰ ਦੀ ਡਿਗਰੀ ਹੀ ਪ੍ਰਾਪਤ ਨਹੀਂ ਕੀਤੀ ਹੋਈ ਸਗੋਂ ਉਹ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਲਈ ਲਗਾਤਾਰ ਖੋਜ ਪੱਤਰ ਲ਼ਿਖਦੇ ਰਹਿੰਦੇ ਹਨ।ਉਹ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਨਿਊਜ਼ੀਲੈਂਡ ਇਕਾਈ ਦੇ ਸੰਚਾਲਕ ਹਨ। ਭਾਈਚਾਰੇ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅੰਤਰ-ਰਾਸ਼ਟਰੀ ਪੱਧਰ ਤੇ ਕੀਤੇ ਜਾਂਦੇ ਸੰਘਰਸ਼ਾਂ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹਨ। ਅਪ੍ਰੈਲ/ਮਈ 2021 ਵਿਚ ਜਦੋਂ ਪੰਜਾਬ ਸਰਕਾਰ ਵੱਲੋਂ ਤੁਹਾਨੂੰ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਦੀ ਜ਼ਿੰਮੇਵਾਰੀ ਸੰਭਾਲੀ ਗਈ ਸੀ ਤਾਂ ਸੰਸਾਰ ਦੇ ਸਮੁੱਚੇ ਪੰਜਾਬੀ ਪ੍ਰੇਮੀਆਂ ਵਿਚ ਇਹ ਆਸ ਬੱਝੀ ਸੀ ਕਿ ਹੁਣ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਵਿਕਾਸ ਲਈ ਠਿਠ ਕੇ ਕੰਮ ਹੋਵੇਗਾ। ਅਜਿਹੇ ਉਤਸ਼ਾਹ ਨਾਲ ਲਬਰੇਜ ਸ. ਗੁਰਤੇਜ ਸਿੰਘ ਵੱਲੋਂ ਉਸ ਸਮੇਂ ਤੁਹਾਨੂੰ ਇਕ ਚਿੱਠੀ (ਅਸਲ ਵਿਚ ਖੋਜ ਪੱਤਰ) ਲਿਖੀ ਗਈ। ਉਸ ਚਿੱਠੀ ਵਿਚ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਤਕਨਾਲੋਜੀ ਦੇ ਪ੍ਰੋਫੈਸਰਾਂ ਵੱਲੋਂ ਪੰਜਾਬੀ ਦੇ ਵਿਕਾਸ ਬਾਰੇ ਕੀਤੇ ਜਾ ਰਹੇ ਦਾਅਵਿਆਂ ਨੂੰ ਖੋਖਲੇ ਠਹਿਰਾਇਆ ਅਤੇ ਇਸ ਖੋਖਲੇਪਣ ਦੇ ਠੋਸ ਸਬੂਤ ਵੀ ਦਿੱਤੇ। ਖੇਦ ਹੈ ਕਿ ਯੂਨੀਵਰਸਿਟੀ ਵੱਲੋਂ ਉਨ੍ਹਾਂ ਦੀ ਇਸ ਚਿੱਠੀ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਗਿਆ। ਸ਼ਾਇਦ ਸੰਬੰਧਿਤ ਵਿਦਵਾਨਾਂ ਵੱਲੋਂ ਇਹ ਚਿੱਠੀ ਤੁਹਾਡੇ ਤਕ ਪੁੱਜਣ ਹੀ ਨਹੀਂ ਦਿੱਤੀ ਗਈ।ਅਖੀਰ ਸ. ਗੁਰਤੇਜ ਸਿੰਘ ਵੱਲੋਂ ਉਸ ਚਿੱਠੀ ਨੂੰ ਆਪਣੇ ਬਲਾਗ **'ਜੁੱਗਸੰਧੀ'** 'ਤੇ 31 ਮਈ 2021 ਨੂੰ 'ਖੁਲ੍ਹੀ ਚਿੱਠੀ' ਦੇ ਰੂਪ ਵਿਚ ਅਪਲੋਡ ਕਰਨਾ ਪਿਆ। ਅਫਸੋਸ ਕਿ ਫੇਰ ਵੀ ਪਰਨਾਲਾ ਉਥੇ ਦਾ ਉਥੇ ਹੀ ਹੈ।

ਇਸ ਚਿੱਠੀ ਦਾ ਪਾਠ ਅਤੇ ਲਿੰਕ ਇਕ ਵਾਰ ਫੇਰ ਆਪ ਜੀ ਦੀ ਨਜ਼ਰ ਕੀਤਾ ਜਾਂਦਾ ਹੈ।

**2. ਪੰਜਾਬੀ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਅੱਧੀ ਤੋਂ ਵੱਧ, ਕੇਵਲ ਅੰਗਰੇਜ਼ੀ ਵਿਚ, ਉਪਲਭਧ ਸੂਚਨਾ ਨੂੰ ਪੰਜਾਬੀ ਵਿਚ ਕੀਤੇ ਜਾਣ ਦਾ ਸੁਝਾਅ ਵੀ ਨਜ਼ਰ ਅੰਦਾਜ਼ ਕਰਨਾ।**

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਪਹਿਲਾਂ ਆਪਣੇ ਪੱਤਰ ਮਿਤੀ 26.12.2018 ਰਾਹੀਂ ਤੁਹਾਡੇ ਤੋਂ ਪਹਿਲਾਂ ਰਹੇ ਉਪ ਕੁਲਪਤੀ ਸਾਹਿਬ ਦੇ ਧਿਆਨ ਵਿਚ ਇਹ ਖਾਮੀ ਲਿਆਂਦੀ ਗਈ ਸੀ। ਉਨ੍ਹਾਂ ਵੱਲੋਂ ਇਹ ਚਿੱਠੀ ਨਜ਼ਰ ਅੰਦਾਜ਼ ਕਰ ਦਿਤੀ ਗਈ।

ਹੁਣ ਤੁਹਾਡੇ ਕਾਰਜ ਕਾਲ ਵਿਚ ਫੇਰ ਇਕ ਚਿੱਠੀ ਮਿਤੀ 14.04.2022 ਨੂੰ ਲਿਖੀ ਗਈ ਹੈ।ਯੂਨੀਵਰਸਿਟੀ ਵੱਲੋਂ ਇਸ ਚਿੱਠੀ ਦੀ ਪ੍ਰਾਪਤੀ ਦੀ ਸੂਚਨਾ ਦੇਣ ਦਾ ਸ਼ਿਸਟਾਚਾਰ ਤਕ ਵੀ ਨਹੀਂ ਨਿਭਾਇਆ ਗਿਆ।ਇਸ ਚਿੱਠੀ ਦਾ ਉਤਾਰਾ ਪ੍ਰਮੁੱਖ ਸਕੱਤਰ ਉਚ ਸਿਖਿਆ ਵਿਭਾਗ ਨੂੰ ਵੀ ਭੇਜਿਆ ਗਿਆ ਸੀ। ਇਸ ਚਿੱਠੀ ਵਿਚ ਉਠਾਏ ਮੁੱਦਿਆਂ ਨੂੰ ਮਹੱਤਵ ਪੂਰਨ ਸਮਝ ਕੇ ਪ੍ਰਮੁੱਖ ਸਕੱਤਰ ਸਾਹਿਬ ਵੱਲੋਂ ਆਪ ਜੀ ਨੂੰ ਆਪਣੇ ਪੱਤਰ ਮਿਤੀ 27.05.2022 ਰਾਹੀਂ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਉਪਲਭਦ ਸੂਚਨਾ ਨੂੰ ਪੰਜਾਬੀ ਵਿਚ ਕੀਤੇ ਜਾਣ ਦਾ ਨਿਰਦੇਸ਼ (ਸੁਝਾਅ) ਦਿੱਤਾ ਹੈ।

3. ਇਹ ਵਿਡੰਬਨਾ ਹੀ ਹੈ ਕਿ ਜਿਸ ਪੰਜਾਬ ਸਰਕਾਰ ਨੂੰ ਤੁਸੀਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸੁਝਾਅ ਦਿੱਤੇ ਹਨ ਉਸੇ ਪੰਜਾਬ ਸਰਕਾਰ ਨੇ ਤੁਹਾਨੂੰ (ਉਕਤ ਪੱਤਰ ਮਿਤੀ 27.05.2022 ਰਾਹੀਂ) ਯੂਨੀਵਰਸਿਟੀ ਦੀ

ਵੈਬਸਾਈਟ 'ਤੇ ਪੰਜਾਬੀ ਭਾਸ਼ਾ ਦਾ ਬੋਲ ਬਾਲਾ ਕਰਾਉਣ ਦਾ ਸੁਝਾਅ ਦਿੱਤਾ ਹੈ। **ਜਿਵੇਂ ਯੂਨੀਵਰਸਿਟੀ ਪੰਜਾਬ ਸਰਕਾਰ ਤੋਂ ਆਪਣੇ ਸੁਝਾਵਾਂ ਨੂੰ ਅਮਲੀ ਰੂਪ ਦੇਣ ਦੀ ਆਸ ਰਖਦੀ ਹੈ, ਉਸੇ ਤਰ੍ਹਾਂ ਭਾਈਚਾਰੇ ਨੂੰ ਉਮੀਦ ਹੈ ਕਿ ਯੂਨੀਵਰਸਿਟੀ ਵੀ ਭਾਈਚਾਰੇ ਵੱਲੋਂ ਇਸੇ ਉਦੇਸ਼ ਨਾਲ ਦਿੱਤੇ ਸੁਝਾਵਾਂ ਤੇ ਅਮਲ ਕਰੇਗੀ।** ਜੋ ਕਾਰਜ ਯੂਨੀਵਰਸਿਟੀ ਨੇ ਆਪ ਕਰਨੇ ਹਨ ਉਹ ਉਨ੍ਹਾਂ ਕਾਰਜਾਂ ਨੂੰ ਆਪ ਪਹਿਲ ਦੇ ਅਧਾਰ ਤੇ ਨੇਪਰੇ ਚਾੜ੍ਹੇਗੀ।

ਡਰ ਹੈ ਕਿਧਰੇ ਪੰਜਾਬ ਸਰਕਾਰ ਵੀ, ਯੂਨੀਵਰਸਿਟੀ ਦੇ ਦਿਖਾਏ ਰਾਹ ਤੇ ਚਲਦੇ ਹੋਏ, ਯੂਨੀਵਰਸਿਟੀ ਦੇ ਸੁਝਾਵਾਂ ਨੂੰ ਅਣਦੇਖਿਆ ਕਰ ਕੇ, ਰੱਦੀ ਦੀ ਟੋਕਰੀ ਵਿਚ ਹੀ ਨਾ ਸੁੱਟ ਦੇਵੇ।

4. ਆਪ ਜੀ ਨੂੰ, ਸ. ਗੁਰਤੇਜ ਸਿੰਘ ਅਤੇ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ, ਪੰਜਾਬੀ ਦੇ ਵਿਕਾਸ ਸੰਬੰਧੀ ਦਿੱਤੇ ਸੁਝਾਅ, ਇਕ ਵਾਰ ਫਿਰ ਯਾਦ ਕਰਵਾ ਕੇ, ਇਨ੍ਹਾਂ ਸੁਝਾਵਾਂ ਨੂੰ ਅਮਲੀ ਰੂਪ ਦੇਣ ਦੀ ਬੇਨਤੀ ਜਾਂਦੀ ਹੈ।

ਉਸਾਰੂ ਹੁੰਗਾਰੇ ਦੀ ਉਡੀਕ ਵਿਚ।

ਪ੍ਰਾਰਥਕ

ਮਿੱਤਰ ਸੈਨ ਮੀਤ | ਦਵਿੰਦਰ ਸਿੰਘ | [signature]

(ਮਿੱਤਰ ਸੈਨ ਮੀਤ) (ਦਵਿੰਦਰ ਸਿੰਘ ਸੇਖਾ) (ਆਰ ਪੀ ਸਿੰਘ)

ਸਿੰਘ)

ਨੱਥੀ: ਸ ਗੁਰਤੇਜ ਸਿੰਘ ਦੀ ਖੁੱਲ੍ਹੀ ਚਿੱਠੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਮਾਣਯੋਗ ਰਾਜਪਾਲ, ਪੰਜਾਬ –ਕਮ- ਚਾਂਸਲਰ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ। admr-chd@nic.in
2. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in
3. ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ, ਮੰਤਰੀ, ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ। punjabeducationminister@gmail.com
4. ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ। pshe@punjab.gov.in;
5. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ। pblanguages@hotmail.com